# ਪ੍ਰਾਪਰਟੀ ਦੇ ਮਾਲਕ ਨੂੰ ਹੈਲੋ

ਤੁਹਾਡਾ ਸਾਲਾਨਾ ਪ੍ਰਾਪਰਟੀ ਮੁਲਾਂਕਣ ਇਸ ਪੰਨੇ ਦੇ ਪਿਛਲੇ ਪਾਸੇ ਹੈ। ਕਿਰਪਾ ਕਰਕੇ ਇਸ ਮਹੱਤਵਪੂਰਨ ਜਾਣਕਾਰੀ ਦੀ ਸਮੀਖਿਆ ਕਰੋ ਅਤੇ ਜੇਕਰ ਤੁਹਾਡੇ ਆਪਣੀ ਪ੍ਰਾਪਰਟੀ ਦੇ ਮੁਲਾਂਕਣ ਬਾਰੇ ਕੋਈ ਸਵਾਲ ਹਨ ਤਾਂ ਸਾਡੇ ਨਾਲ ਸੰਪਰਕ ਕਰੋ।

ਸਾਡੇ ਕੋਲ ਮੁਲਾਂਕਣ ਦੇ ਉਦੇਸ਼ਾਂ ਲਈ ਪ੍ਰਾਪਰਟੀ ਦੀ ਸਹੀ ਅਤੇ ਨਵੀਨਤਮ ਜਾਣਕਾਰੀ ਹੋਣ ਦੀ ਲੋੜ ਹੈ। ਤੁਹਾਡਾ 2022 ਪ੍ਰਾਪਰਟੀ ਮੁਲਾਂਕਣ, ਤੁਹਾਡੀ ਪ੍ਰਾਪਰਟੀ ਦਾ 1 ਜੁਲਾਈ, 2021 ਨੂੰ ਅਨੁਮਾਨਿਤ ਬਾਜ਼ਾਰ ਦਾ ਮੁੱਲ ਅਤੇ 31 ਦਸੰਬਰ, 2021 ਨੂੰ ਪ੍ਰਾਪਰਟੀ ਦੀਆਂ ਵਿਸ਼ੇਸ਼ਤਾਵਾਂ ਅਤੇ ਭੌਤਿਕ ਸਥਿਤੀ ਨੂੰ ਦਰਸਾਉਂਦਾ ਹੈ। ਮੁਲਾਂਕਣ ਕਈ ਤਰ੍ਹਾਂ ਦੇ ਸਰੋਤਾਂ ਤੋਂ ਪ੍ਰਾਪਰਟੀ ਦੀ ਜਾਣਕਾਰੀ ਇਕੱਤਰ ਕਰਦਾ ਹੈ ਪਰੰਤੂ ਤੁਸੀਂ ਤੁਹਾਡੀ ਪ੍ਰਾਪਰਟੀ ਬਾਰੇ ਜਾਣਕਾਰੀ ਦਾ ਸਭ ਤੋਂ ਭਰੋਸੇਮੰਦ ਸਰੋਤ ਹੋ। ਮਹੱਤਵਪੂਰਨ ਹੈ ਕਿ ਤੁਸੀਂ ਤੁਹਾਡੀ ਜਾਣਕਾਰੀ ਨੂੰ ਮੌਜੂਦਾ ਰੱਖੋ, ਕਿਉਂਕਿ ਪ੍ਰਾਪਰਟੀ ਦੇ ਗਲਤ ਵੇਰਵਿਆਂ ਦੇ ਨਤੀਜੇ ਵਜੋਂ ਅਜਿਹੇ ਮੁਲਾਂਕਣ ਹੋ ਸਕਦੇ ਹਨ ਜੋ ਤੁਹਾਡੀ ਪ੍ਰਾਪਰਟੀ ਦੇ ਮੁੱਲ ਨੂੰ ਸਹੀ ਤਰ੍ਹਾਂ ਨਹੀਂ ਦਰਸਾਉਂਦੇ ਹਨ। ਹਰ ਸਾਲ ਪ੍ਰਾਪਰਟੀ ਦਾ ਮੁਲਾਂਕਣ ਕਿਵੇਂ ਕੀਤਾ ਜਾਂਦਾ ਹੈ, ਇਸ ਬਾਰੇ ਜਾਣਨ ਲਈ ਕਿਰਪਾ ਕਰਕੇ **calgary.ca/assessment** 'ਤੇ ਜਾਓ।

ਤੁਹਾਡੀ ਪ੍ਰਾਪਰਟੀ ਦਾ ਮੁਲਾਂਕਣ ਤੁਹਾਡੇ ਸਲਾਨਾ ਪ੍ਰਾਪਰਟੀ ਟੈਕਸ ਬਿੱਲ ਦੀ ਗਣਨਾ ਕਰਨ ਲਈ ਵਰਤਿਆ ਜਾਂਦਾ ਹੈ। ਤੁਹਾਡੇ ਮੁਲਾਂਕਣ ਮੁੱਲ ਵਿੱਚ ਤਬਦੀਲੀ ਦਾ ਮਤਲਬ ਜ਼ਰੂਰੀ ਤੌਰ 'ਤੇ ਤੁਹਾਡੇ ਪ੍ਰਾਪਰਟੀ ਟੈਕਸਾਂ ਵਿੱਚ ਵਾਧਾ ਜਾਂ ਕਮੀ ਨਹੀਂ ਹੈ। ਪ੍ਰਾਪਰਟੀ ਟੈਕਸ ਤਬਦੀਲੀਆਂ ਤੁਹਾਡੀ ਪ੍ਰਾਪਰਟੀ ਕਲਾਸ ਦੀਆਂ ਸਾਰੀਆਂ ਪ੍ਰਾਪਰਟੀਆਂ ਲਈ ਮੁਲਾਂਕਣ ਤਬਦੀਲੀ ਆਮ ਤੌਰ 'ਤੇ ਔਸਤ ਦੇ ਮੁਕਾਬਲੇ ਤੁਹਾਡੀ ਪ੍ਰਾਪਰਟੀ ਦੇ ਮੁਲਾਂਕਣ ਮੁੱਲ ਵਿੱਚ ਤਬਦੀਲੀ ਦੁਆਰਾ ਪ੍ਰਭਾਵਿਤ ਹੁੰਦੀਆਂ ਹਨ। ਸਿਟੀ ਪ੍ਰਾਪਰਟੀ ਮਾਲਕਾਂ ਨੂੰ ਉਨ੍ਹਾਂ ਦੇ ਆਉਣ ਵਾਲੇ ਟੈਕਸਾਂ ਦਾ ਅੰਦਾਜ਼ਾ ਲਗਾਉਣ ਵਿੱਚ ਮਦਦ ਕਰਨ ਲਈ ਇੱਕ ਸ਼ੁਰੂਆਤੀ ਪ੍ਰਾਪਰਟੀ ਟੈਕਸ ਕੈਲਕੁਲੇਟਰ ਦੀ ਪੇਸ਼ਕਸ਼ ਕਰਦੀ ਹੈ। ਹੋਰ ਜਾਣਨ ਲਈ **calgary.ca/taxcalculator**'ਤੇ ਜਾਓ।

## ਕਿਰਪਾ ਕਰਕੇ ਆਪਣੀ ਪ੍ਰਾਪਰਟੀ ਬਾਰੇ ਸਾਡੇ ਕੋਲ ਮੌਜੂਦ ਵੇਰਵਿਆਂ ਦੀ ਦਰੁਸਤੀ ਦੀ ਸਮੀਖਿਆ ਕਰੋ

**calgary.ca/assessment** 'ਤੇ ਜਾਓ ਅਤੇ **ਮੁਲਾਂਕਣ ਖੋਜ** ਤੇ ਲੌਗਇਨ ਕਰੋ:

- **ਚੈੱਕ ਕਰੋ** ਤੁਹਾਡੀ ਪ੍ਰਾਪਰਟੀ ਦੇ ਮੁਲਾਂਕਣ ਮੁੱਲ ਨੂੰ ਨਿਰਧਾਰਤ ਕਰਨ ਲਈ ਵਰਤੇ ਗਏ ਪ੍ਰਾਪਰਟੀ ਵੇਰਵੇ।
- **ਅਪਡੇਟ ਕਰੋ** ਤੁਹਾਡੀ **ਰਿਹਾਇਸ਼ੀ** ਪ੍ਰਾਪਰਟੀ ਦੇ ਵੇਰਵੇ (ਗੈਰ-ਰਿਹਾਇਸ਼ੀ ਅੱਪਡੇਟ ਸਾਲ ਵਿੱਚ ਬਾਅਦ ਵਿੱਚ ਕੀਤੇ ਜਾ ਸਕਦੇ ਹਨ)।
- **ਤੁਲਨਾ ਕਰੋ** ਨਿਰਪੱਖਤਾ ਨੂੰ ਯਕੀਨੀ ਬਣਾਉਣ ਲਈ ਤੁਹਾਡੇ ਖੇਤਰ ਦੀਆਂ ਹੋਰ ਸਮਾਨ ਪ੍ਰਾਪਰਟੀਆਂ ਨਾਲ ਤੁਹਾਡੀ ਪ੍ਰਾਪਰਟੀ ਦੇ ਮੁਲਾਂਕਣ ਮੁੱਲ ਦੀ।
- **ਸਮੀਖਿਆ ਕਰੋ** ਰੀਅਲ ਅਸਟੇਟ ਮਾਰਕੀਟ ਦੇ ਰੁਝਾਨਾਂ ਦੀ ਅਤੇ ਜਾਣੋ ਕਿ ਤੁਹਾਡੀ ਪ੍ਰਾਪਰਟੀ ਦਾ ਮੁਲਾਂਕਣ ਕਿਵੇਂ ਕੀਤਾ ਜਾਂਦਾ ਹੈ।
- **ਸਾਈਨ ਅੱਪ ਕਰੋ** eNotices ਲਈ - ਇਲੈਕਟ੍ਰਾਨਿਕ ਢੰਗ ਨਾਲ ਆਪਣੇ ਮੁਲਾਂਕਣ ਨੋਟਿਸ ਪ੍ਰਾਪਤ ਕਰਨ ਅਤੇ ਸ਼ਹਿਰ ਦੀਆਂ ਲਾਗਤਾਂ ਨੂੰ ਘੱਟ ਰੱਖਣ ਵਿੱਚ

ਮਦਦ ਕਰਨ ਲਈਜਾਂ, ਤੁਹਾਡੀ ਪ੍ਰਾਪਰਟੀ ਦਾ ਮੁਲਾਂਕਣ ਕਿਵੇਂ ਤਿਆਰ ਕੀਤਾ ਗਿਆ ਸੀ, ਇਸ ਬਾਰੇ ਜਾਣਕਾਰੀ ਲਈ ਸਾਡੇ ਦਫ਼ਤਰ ਵਿੱਚ ਇੱਕ ਮੁਲਾਂਕਣ ਜਾਣਕਾਰੀ ਬੇਨਤੀ ਫਾਰਮ ਜਮ੍ਹਾਂ ਕਰੋ। **Calgary.ca/assessment** 'ਤੇ ਜਾਓ ਅਤੇ ਫਾਰਮ ਡਾਊਨਲੋਡ ਕਰਨ ਲਈ ਫੌਰਮਜ਼ ਐਂਡ ਪਬਲੀਕੇਸ਼ਨਜ਼ 'ਤੇ ਕਲਿੱਕ ਕਰੋ, ਜਾਂ ਅਸੈਸਮੈਂਟ ਨਾਲ ਸੰਪਰਕ ਕਰਕੇ ਇਸ ਲਈ ਬੇਨਤੀ ਕਰੋ। ਭਰੇ ਹੋਏ ਫਾਰਮ ਦੀ ਪ੍ਰਾਪਤੀ 'ਤੇ, ਅਸੀਂ 15 ਦਿਨਾਂ ਦੇ ਅੰਦਰ ਜਾਣਕਾਰੀ ਪ੍ਰਦਾਨ ਕਰਾਂਗੇ।

## ਗਾਹਕ ਸਮੀਖਿਆ ਅਵਧੀ ਦੇ ਦੌਰਾਨ ਸਾਡੇ ਨਾਲ ਆਪਣੇ ਮੁਲਾਂਕਣ ਬਾਰੇ ਚਰਚਾ ਕਰੋ

ਜੇ ਮੁਲਾਂਕਣ ਜਾਂ ਮੁਲਾਂਕਣ ਪ੍ਰਕਿਰਿਆ ਬਾਰੇ ਤੁਹਾਡੇ ਕੋਈ ਪ੍ਰਸ਼ਨ ਜਾਂ ਟਿੱਪਣੀਆਂ ਹਨ, ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ ਅਤੇ ਅਸੀਂ ਤੁਹਾਡੀ ਸਹਾਇਤਾ ਕਰਾਂਗੇ। ਗਾਹਕ ਸਮੀਖਿਆ ਅਵਧੀ ਉਹ ਸਮਾਂ ਹੁੰਦਾ ਹੈ ਜਦੋਂ ਅਸੀਂ ਤੁਹਾਡੀ ਪ੍ਰਾਪਰਟੀ ਦੇ ਮੁਲਾਂਕਣ ਦੀ ਸਮੀਖਿਆ ਕਰਨ ਲਈ ਤੁਹਾਡੇ ਨਾਲ ਕੰਮ ਕਰਨ ਅਤੇ ਤੁਹਾਡੀਆਂ ਕੋਈ ਵੀ ਚਿੰਤਾਵਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਨ ਲਈ ਸਮਰਪਿਤ ਕਰਦੇ ਹਾਂ।

ਅਸੀਂ ਇਹ ਕਰਨ ਲਈ ਤੁਹਾਡੇ ਨਾਲ ਕੰਮ ਕਰਾਂਗੇ:

- ਤੁਹਾਡੀ ਪ੍ਰਾਪਰਟੀ ਦੇ ਵੇਰਵਿਆਂ ਦੀ ਸਮੀਖਿਆ ਅਤੇ ਪੁਸ਼ਟੀ ਕਰਨ ਲਈ,
- ਇਹ ਸਾਂਝਾ ਕਰਨ ਲਈ ਕਿ ਤੁਹਾਡੀ ਪ੍ਰਾਪਰਟੀ ਦਾ ਮੁਲਾਂਕਣ ਕਿਵੇਂ ਨਿਰਧਾਰਤ ਕੀਤਾ ਗਿਆ ਸੀ,
- ਉਹਨਾਂ ਕਾਰਕਾਂ 'ਤੇ ਚਰਚਾ ਕਰਨ ਲਈ ਜਿਨ੍ਹਾਂ ਨੇ ਤੁਹਾਡੀ ਪ੍ਰਾਪਰਟੀ ਦੇ ਮੁੱਲ ਨੂੰ ਪ੍ਰਭਾਵਿਤ ਕੀਤਾ ਹੋ ਸਕਦਾ ਹੈ।

ਜੇ ਤੁਸੀਂ ਕਿਸੇ ਏਜੰਟ ਨੁਮਾਇੰਦੇ ਦੀ ਵਰਤੋਂ ਕਰ ਰਹੇ ਹੋ, ਤਾਂ ਤੁਹਾਨੂੰ ਏਜੰਟ ਨੂੰ ਤੁਹਾਡੀ ਤਰਫੋਂ ਕੰਮ ਕਰਨ ਲਈ ਅਧਿਕਾਰਤ ਕਰਨ (*ਅਸੈਸਮੈਂਟ ਸਰਚ* ਪੇਜ 'ਤੇ ਪਾਏ ਜਾਂਦੇ) ਦੀ ਜ਼ਰੂਰਤ ਹੋਏਗੀ।

## ਅਸੈਸਮੈਂਟ ਨੂੰ ਸੰਪਰਕ ਕਰੋ (ਮੁਫਤ ਸੇਵਾ)

ਔਨਲਾਈਨ **calgary.ca/assessment**

ਫੋਨ: 403-268-2888
(ਸੋਮਵਾਰ - ਸ਼ੁੱਕਰਵਾਰ, ਸਵੇਰੇ 8 ਵਜੇ - ਸ਼ਾਮ 4:30 ਵਜੇ)

ਸੁਣਨ ਵਿੱਚ ਅਯੋਗ: 403-268-2888 ਦੀ ਬੇਨਤੀ ਕਰਨ ਲਈ 711 ਤੇ ਸੰਪਰਕ ਕਰੋ

ਅਪੌਇੰਟਮੈਂਟ ਬੁੱਕ ਕਰਨ ਲਈ ਫੋਨ ਕਰੋ **403-268-2888**

ਡਾਕ: The City of Calgary Assessment (#8002)
P.O. Box 2100, Stn. M
Calgary, AB T2P 2M5

## ਮੁਲਾਂਕਣ ਸਮੀਖਿਆ ਬੋਰਡ ਕੋਲ ਸ਼ਿਕਾਇਤ ਦਰਜ ਕਰੋ

ਜੇ ਅਸੀਂ ਤੁਹਾਡੀ ਪ੍ਰਾਪਰਟੀ ਦੇ ਮੁਲਾਂਕਣ ਬਾਰੇ ਸਰਵਸੰਮਤੀ ਨਹੀਂ ਦੇ ਪਾਂਦੇ ਹਾਂ ਤਾਂ ਤੁਸੀਂ ਮੁਲਾਂਕਣ ਸਮੀਖਿਆ ਬੋਰਡ (ਏ ਆਰ ਬੀ - ARB) ਕੋਲ ਸ਼ਿਕਾਇਤ ਦਰਜ ਕਰ ਸਕਦੇ ਹੋ। ਏ ਆਰ ਬੀ ਇੱਕ ਨਿਰਪੱਖ ਟ੍ਰਿਬਿਊਨਲ ਹੈ ਜੋ ਮੁਲਾਂਕਣ ਦੀਆਂ ਸ਼ਿਕਾਇਤਾਂ ਨੂੰ ਸੁਣਦਾ ਅਤੇ ਉਹਨਾਂ ਤੇ ਫੈਸਲਾ ਲੈਂਦਾ ਹੈ।

ਇਸ ਨੋਟਿਸ ਦੇ ਸਾਹਮਣੇ ਵਾਲੇ ਪਾਸੇ ਦਿੱਤੀ ਅੰਤਮ ਮਿਤੀ ਤੋਂ ਬਾਅਦ ਸ਼ਿਕਾਇਤ ਦਰਜ ਨਹੀਂ ਕਰਵਾਈ ਜਾ ਸਕਦੀ ਹੈ। ਇੱਕ ਜਾਇਜ਼ ਸ਼ਿਕਾਇਤ ਇਸ ਨੋਟਿਸ ਦੇ ਅਗਲੇ ਪਾਸੇ ਤੇ ਦਰਸਾਈ ਗਈ ਲੋੜੀਂਦੀ *ਫਾਈਲਿੰਗ ਫੀਸ* ਦੇ ਨਾਲ ਹੋਣੀ ਚਾਹੀਦੀ ਹੈ।

ਤੁਸੀਂ ਔਨਲਾਈਨ ਸ਼ਿਕਾਇਤ ਦਰਜ ਕਰ ਸਕਦੇ ਹੋ ਜਾਂ ਸ਼ਿਕਾਇਤ ਫਾਰਮ ਦੀ ਕਾਗਜ਼ੀ ਕਾਪੀ ਲਈ ਏ ਆਰ ਬੀ ਨਾਲ ਸੰਪਰਕ ਕਰ ਸਕਦੇ ਹੋ। ਕਿਰਪਾ ਕਰਕੇ ਨੋਟ ਕਰੋ ਕਿ ਜੇ ਤੁਸੀਂ ਆਪਣੀ ਤਰਫੋਂ ਕੰਮ ਕਰਨ ਲਈ ਕਿਸੇ ਏਜੰਟ ਦੀ ਨਿਯੁਕਤੀ ਕਰਦੇ ਹੋ, ਤਾਂ ਤੁਹਾਡੇ ਲਈ ਰਿਸੋਰਸਿਜ਼> ਫੌਰਮਜ਼ ਅਤੇ ਟੂਲਜ਼ (Resources > Forms and Tools) ਦੇ ਅਧੀਨ **calgaryarb.ca** ਦੀ ਵੈਬਸਾਈਟ ਤੇ ਸਥਿਤ ਅਸੈਸਮੈਂਟ ਕੰਮਪਲੇਂਟਸ ਏਜੰਟ ਔਥਰਾਈਜ਼ੇਸ਼ਨ ਫੌਰਮ ਪੂਰਾ ਕਰਨਾ ਲਾਜ਼ਮੀ ਹੈ।

## ਮੁਲਾਂਕਣ ਸਮੀਖਿਆ ਬੋਰਡ (Assessment Review Board) ਨਾਲ ਸੰਪਰਕ ਕਰੋ

ਔਨਲਾਈਨ: **calgaryarb.ca**

ਫੋਨ: 403-268-5858

ਇਨ-ਪਰਸਨ: Fourth floor, Deerfoot Junction 3 Building 1212 - 31st Ave. N.E.

ਡਾਕ: Assessment Review Board (#222)
P.O. Box 2100, Stn. M
Calgary, AB T2P 2M5

## ਮੇਰਾ ਮੇਲਿੰਗ ਪਤਾ ਬਦਲੋ

ਔਨਲਾਈਨ: **calgary.ca/propertytax**'ਤੇ *ਨਿੱਜੀ ਜਾਣਕਾਰੀ ਅੱਪਡੇਟ ਫਾਰਮ* ਚੁਣੋ
**calgary.ca/propertytax**

ਇਨ-ਪਰਸਨ: Alberta Government Services Building
Second floor, 710 - 4th Ave. S.W.
Calgary, AB

## ਮੇਰੀ ਸਕੂਲ ਸਹਾਇਤਾ ਦਾ ਐਲਾਨ

**calgary.ca/schoolsupport** 'ਤੇ ਜਾਂ 311 ਤੇ ਕਾਲ ਕਰਕੇ ਕਰੋ।

## ਟੈਕਸ ਇੰਸਟਾਲਮੈਂਟ ਪੇਮੈਂਟ ਪਲੈਨ (TIPP)

ਜੂਨ ਵਿੱਚ ਇੱਕ ਅਦਾਇਗੀ ਕਰਨ ਦੀ ਬਜਾਏ, ਹਰ ਮਹੀਨੇ ਪ੍ਰਾਪਰਟੀ ਟੈਕਸ ਦਾ ਭੁਗਤਾਨ ਕਰੋ। **calgary.ca/TIPP** 'ਤੇ ਹੋਰ ਜਾਣੋ

20-0007874: ADV-

ਤੁਹਾਡੇ ਮੁਲਾਂਕਣ ਦੇ ਅਧਿਕਾਰਾਂ ਬਾਰੇ ਵਧੇਰੇ ਜਾਣਕਾਰੀ: ਮੁਲਾਂਕਣ ਕਰਵਾਉਣ ਵਾਲਾ ਵਿਅਕਤੀ ਇਸ ਬਾਰੇ ਲੋੜੀਂਦੀ ਜਾਣਕਾਰੀ ਨੂੰ ਵੇਖਣ ਜਾਂ ਪ੍ਰਾਪਤ ਕਰਨ ਦਾ ਹੱਕਦਾਰ ਹੈ ਕਿ ਉਨ੍ਹਾਂ ਦੀ ਪ੍ਰਾਪਰਟੀ ਦਾ ਮੁਲਾਂਕਣ *ਮਿਉਂਸਪਲ ਗੌਰਮਿੰਟ ਐਕਟ* ਦੀ ਧਾਰਾ 299 ਜਾਂ 299.1 (ਜਾਂ ਦੋਵੇਂ) ਦੇ ਅਨੁਸਾਰ ਕਿਵੇਂ ਤਿਆਰ ਕੀਤਾ ਗਿਆ ਸੀ। ਮੁਲਾਂਕਣ ਕਰਵਾਉਣ ਵਾਲਾ ਵਿਅਕਤੀ *ਮਿਉਂਸਪਲ ਗੌਰਮਿੰਟ ਐਕਟ* ਦੀ ਧਾਰਾ 300 ਜਾਂ 300.1 (ਜਾਂ ਦੋਵੇਂ) ਦੇ ਅਨੁਸਾਰ ਕਿਸੀ ਅਜਿਹੀ ਮੁਲਾਂਕਣ ਕੀਤੀ ਗਈ ਪ੍ਰਾਪਰਟੀ ਦੇ ਮੁਲਾਂਕਣ ਨੂੰ ਵੇਖਣ ਜਾਂ ਪ੍ਰਾਪਤ ਕਰਨ ਦਾ ਹੱਕਦਾਰ ਹੈ ਜਿਸਦਾ ਉਹ ਮਾਲਕ ਨਹੀਂ ਹੈ। ਕਿਰਪਾ ਕਰਕੇ ਇਸ ਨੋਟਿਸ ਤੇ ਉੱਪਰ ਦਿੱਤੀ ਜਾਣਕਾਰੀ ਦੀ ਸਮੀਖਿਆ ਕਰੋ ਕਿ ਜਾਣਕਾਰੀ ਨੂੰ ਕਿਵੇਂ ਵੇਖਣਾ ਹੈ ਅਤੇ/ਜਾਂ ਉਸ ਲਈ ਬੇਨਤੀ ਕਿਵੇਂ ਕਰਨੀ ਹੈ।